ਕੋਇਲ ਕੂ

੧੯੦ ਕੋਇਲ ਕੂ

6

ਰਚਿਤ: -
ਬਾਵਾ ਬੁਧ ਸਿੰਘ ਜੀ

ਪ੍ਰਕਾਸ਼ਕ:-"ਫੁਲਵਾੜੀ ਏਜੰਸੀ" ਹਾਲ ਬਾਜ਼ਾਰ
ਅੰ-ਮ੍ਰਿਤਸਰ

ਦੂਜੀ ਵਾਰ ੧੦੦੦ ਮੁਲ ੧॥)

ਸਭ ਹਕ ਹਾਖਵੇਂ ਹਨ (All rights reserved)

ੴ ਸਤਿਗੁਰਪ੍ਰਸਾਦਿ ॥

ਪੰਜਾਬੀ, ਪੰਜਾਬੀਓ ! ਫੁਲਵਾੜੀ ਮੱਾਡੀ।
ਭੁੱਖੀ ਸੱਾਡੇ ਪਿਆਰ ਦੀ, ਖਿੜ ਮੈਹਕੇ ਡਾਢੀ।

ਪੰਜਾਬੀ ਫੁਲਵਾੜੀ

ਕੋਇਲ ਕੂ

ਅਰਥਾਤ

ਪੰਜਾਬੀ ਕਵੀਆਂ ਦੀਆਂ ਮਨੋਹਰ ਰਚਨਾਂ

ਦੇ

ਉਨ੍ਹਾਂ ਦੇ ਸੰਖੇਪ ਹਾਲਾਤ

LAHORE. LIBRARY

ਕ੍ਰਿਤ

ਸਿਰੀ ਮਾਨ ਬਾਵਾ ਬੁਧ ਸਿੰਘ ਜੀ
ਐਗਜ਼ੈਕਟਿਵ ਇੰਜ਼ੀਨੀਅਰ ਪੰਜਾਬ

ਪ੍ਰਕਾਸ਼ਕ:–
"ਫੁਲਵਾੜੀ ਏਜੰਸੀ" ਹਾਲ ਬਾਜ਼ਾਰ
ਅੰਮ੍ਰਿਤਸਰ

ਦੂਜੀ ਵਾਰ ੧੦੦੦ ਕਾਪੀ

ਜਨਵਰੀ ੧੯੨੭

ੴ ਸਤਿਗੁਰਪ੍ਰਸਾਦਿ ॥

ਬੇਨਤੀ

(ਪਹਿਲੀ ਛਾਪ)

ਉਸ ਸੱਚੇ ਪਾਤਿਸ਼ਾਹ, ਸਾਰੇ ਰਸਾਂ ਦੇ ਸੋਮੇ ਦਾ ਕੋਮਲ ਹੁਨਰ ਜਿਸਦੀ ਸੁੰਦਰਤਾ ਦੇ ਝਲਕ ਦਾ ਅਕਸ, ਇਕ ਮੈਲੇ ਦਰਪਨ ਵਾਂਗੂੰ, ਇਸ ਮਨੁੱਖੀ ਚਿੱਤ ਤੇ ਪਾਂਦੇ ਹਨ, ਅਨਗਿਨਤ ਧੰਨਵਾਦ ਹੈ ਜਿਸ ਨੇ ਦਾਸ ਨੂੰ ਫੇਰ ਪਬਲਕ ਦੇ ਸਾਹਮਨੇ, ਇਹ ਭੇਟਾ— **"ਕੋਇਲ ਕੂ"** ਭੇਟ ਕਰਨ ਦੀ ਵੇਹਲ ਬੁਖਸ਼ੀ ਅਰ 'ਹੰਸਚੋਗ' ਦੀ ਉਥਾਨਕਾ ਵਿੱਚ ਕੀਤੇ ਕਰਾਰ ਨੂੰ ਪੂਰਾ ਕਰਨ ਦੀ ਤਾਕਤ ਦਿੱਤੀ। ਏਹ ਭੇਟਾ, ਵਿਦਵਾਨਾਂ ਦੇ ਲੈਕ ਤੇ ਨਹੀਂ ਪਰ ਫੇਰ ਵੀ ਇਕ ਪੰਜਾਬੀ ਬੱਲੇ, ਦੀ ਨਾ ਝਲੀ ਜਾਨ ਵਾਲੀ ਉਮੰਗ ਦੀ ਪਦੈਸ਼, "ਕੋਇਲਕੂ" ਨੂੰ ਮੇਰੇ ਵਿਦਵਾਨ ਭਰਾ, ਅਰ ਅਪਨੀ ਦੇਸੀ ਬੋਲੀ ਦੇ ਪਿਆਰੇ, ਜ਼ਰੂਰ ਇਕ ਵਾਰੀ ਪੜ੍ਹਨ ਦੀ ਖੇਚਲ ਕਰਨਗੇ।

ਜੇਕਰ ਉਹਨਾਂ ਦੇ ਮਨ ਵਿਚ ਕਦੀ ਇਸ ਪੁਸਤਕ ਦੇ ਪੜ੍ਹਨ ਨਾਲ, ਅਪਨੀ ਭੁੱਲੀ ਬੋਲੀ ਨਾਲ ਪਿਆਰ ਹੋ ਜਾਵੇ, ਤਾਂ ਕਰਤਾ ਨੇ ਸਭੋ ਕੁਝ ਪਾ ਲਿੱਤਾ।

ਇਸ ਗੱਲ ਨੂੰ ਦਾਸ ਸ਼ੋਕ ਨਾਲ ਪ੍ਰਗਟ ਕਥਦਾ ਹੈ ਕਿ "ਹੰਸ ਚੋਗ" ਪੁਸਤਕ ਨੂੰ ਪੰਜਾਬੀ ਕ੍ਹਾਵਾਂ ਨੇ ਬੜੀ ਅਨਗੈਹਲੀ ਨਾਲ ਵੇਖਿਆ ਹੈ ਅਰ ਉਸ ਕਿਤਾਬ ਦੀ ਵਿਕਰੀ ਬੜੀ ਥੋੜੀ ਹੋਈ ਹੈ। ਜਿਸ ਕਰਕੇ ਗ੍ਰੰਥ ਕਰਤਾ ਨੂੰ ਮਾਲੀ ਨੁਕਸਾਨ ਉਠਾਨਾ ਪਿਆ। ਹੁਨ ਛਪਾਈ, ਕਾਗਦ ਆਦਿ ਦਾ ਖਰਚ ਫੇਰ ਵੱਧ ਗਿਆ ਹੈ ਪਰ ਫੇਰ ਵੀ ਪੰਜਾਬੀ ਬੋਲੀ ਦੀ ਸੇਵਾ ਦੇ ਹਿਤ ਕਰਕੇ ਏਹ ਪੁਸਤਕ ਛਾਪੀ ਜਾਂਦੀ ਹੈ, ਸ਼ੈਦ ਗੁਰਮੁਖੀ ਅੱਖਰਾਂ ਵਿਚ ਹੋਨ ਕਰਕੇ ਇਸ ਦੀ ਪੋਂਚ ਉਹਨਾਂ ਸੱਜਨਾਂ ਤਕ ਨਾ ਹੋਈ ਹੋਵੇ ਜੇਹੜੇ

ਗੁਰਮੁਖੀ ਤੋਂ ਅੰਞਾਨ ਹਨ ਪਰ ਦਾਸ, ਜੇਕਰ ਸੱਜਨ ਚਾਹਨ, ਤਾਂ ਇਨ੍ਹਾਂ ਪੁਸਤਕਾਂ ਨੂੰ ਉਰਦੂ ਜਾਂ ਹਿੰਦੀ ਅੱਖਰਾਂ ਵਿਚ ਵੀ ਛਾਪਨ ਦਾ ਪ੍ਰਬੰਧ ਕਰ ਸਕਦਾ ਹੈ। ਐਪਰ ਦਾਸ ਨੂੰ "ਮਾਲੀ" ਨੁਕਸਾਨ ਨਾ ਉਠਾਨਾ ਪਵੇ।

ਏਸੇ ਮੁੱਲੀ ਦੀ ਤੀਜੀ ਪੁਸਤਕ ਦੀ ਉਡੀਕ ਰੱਖੋ। ਪੈਹਲੋਂ ਖਿਆਲ ਸੀ ਕਿ ਦੋ ਜਿਲਦਾਂ ਵਿੱਚ ਈ ਪੰਜਾਬੀ ਕਵਿਤਾ ਦਾ ਸੰਖੇਪ ਹਾਲ ਆ ਜਾਏਗਾ, ਪਰ ਜਿਉਂ ਜਿਉਂ ਇਸ ਸਾਗਰ ਦੀ ਖੋਜ ਕੀਤੀ, ਇਸ ਦੇ ਤਲੇ ਵਿਚ ਅਨੇਕ ਅਨਮੁੱਲ ਰਤਨ ਪਾਏ। ਇਸ ਕਰਕੇ ਪੁਸਤਕ ਦਾ ਅਕਾਰ ਵੱਧਦਾ ਗਿਆ, ਖਿਮਾ ਕਰਨੀ। ਇਸ ਵਿਸ਼ੇ ਤੇ, ਮੈਥੋਂ ਕੋਈ ਸੱਜਨਾਂ ਨੂੰ ਵਧੀਕ ਬੋਧ ਹੋਵੇਗਾ। ਕੇਹਾ ਚੰਗਾ ਹੋਵੇ ਜੇ ਉਹ ਅਪਨੀ ਖੋਜਾਂ ਤੋਂ ਮੈਨੂੰ ਵੀ ਜਾਨੂੰ ਕਰਨ ਅਰ ਪੰਜਾਬੀ ਬੋਲੀ ਦੀ ਉੱਨਤੀ ਨੂੰ ਸਾਂਝਾ ਕੰਮ ਜਾਨ ਕੇ ਹੱਥ ਵਟਾਨ। ਪੰਜਾਬੀ ਕੋਈ ਧਾਰਮਕ ਜਾਂ ਮਜ਼ਹਬੀ ਬੋਲੀ ਨਹੀਂ, ਸਭ ਦੀ ਸਾਂਝੀ ਪੂੰਜੀ ਹੈ। ਹਿੰਦੂ, ਮੁਸਲਮਾਨ ਤੇ ਸਿੱਖ ਸਾਰੇ ਰਲਕੇ ਇਸ ਦੀ ਨੀਵੀਂ ਦਿਸ਼ਾ ਨੂੰ ਉੱਚਾ ਕਰਨ॥

ਲਾਹੌਰ
ਤਾਰੀਖ ੧ ਜਨਵਰੀ ੧੯੧੬

ਦਾਸ—
ਬਾਵਾ ਬੁਧ ਸਿੰਘ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.